# ਪੁਸਤਕ ਬਾਰੇ ਹਿਦਾਇਤਾਂ

## **'ਮੇਰੀ ਦੁਨੀਆ'** (ਤੀਸਰੀ, ਚੌਥੀ ਅਤੇ ਪੰਜਵੀਂ ਲਈ ਵਾਤਾਵਰਨ ਪੁਸਤਕ)

ਮੇਰੀ ਦੁਨੀਆ ਵਾਤਾਵਰਨ ਵਿਸ਼ੇ ਦੀ ਤੀਸਰੀ ਚੋਥੀ ਅਤੇ ਪੰਜਵੀ ਜਮਾਤ ਲਈ ਤਿਆਰ ਕੀਤੀ ਜਾ ਰਹੀ ਹੈ। ਹੁਣ ਤੀਸਰੀ ਜਮਾਤ ਦੀ ਪੁਸਤਕ ਤਿਆਰ ਹੋ ਚੁੱਕੀ ਹੈ ਅਤੇ ਖੇਤਰ ਵਿੱਚ ਪਹੁੰਚ ਚੁੱਕੀ ਹੈ। ਇਹ ਪੁਸਤਕ ਵਿਦਿਆਰਥੀ ਨੂੰ ਕਿਵੇਂ ਪੜਾਈ ਜਾਨੀ ਹੈਇਸ ਬਾਰੇ ਹੇਠ ਲਿਖਿਆਂ ਹਿਦਾਇਤਾਂ ਆਧਿਆਪਿਕਾ ਲਈ ਹਨ-

ਮੇਰੀ ਦੁਨੀਆ (ਤੀਸਰੀ, ਚੌਥੀ ਅਤੇ ਪੰਜਵੀਂ ਲਈ ਵਾਤਾਵਰਨ ਪੁਸਤਕ) ਵਿੱਚ ਸਿਲੇਬਸ ਕੁਲ ਛੇ ਇਕਾਈਆਂ ਵਿੱਚ ਵੰਡਿਆ ਗਿਆ ਹੈ। ਸਿਲੇਬਸ ਅਨੁਸਾਰ ਵਿਸ਼ਾ ਵਸਤੂ ਜਮਾਤ ਪੱਧਰ ਅਨੁਸਾਰ ਸਰਲ ਤੋਂ ਜਟਲ ਹੋ ਜਾਂਦਾ ਹੈ।

ਇਹ ਤਿੰਨੋਂ ਪੁਸਤਕਾਂ NCF-2005 ਅਤੇ CCE ਅਧਾਰਿਤ ਹਨ ਅਤੇ ਤਿੰਨ ਭਾਸ਼ਾਵਾਂ ਪੰਜਾਬੀ, ਹਿੰਦੀ ਅਤੇ ਅੰਗਰੇਜੀ ਵਿਤਚ ਤਿਆਰ ਕੀਤੀਆਂ ਗਈਆਂ ਹਨ।

ਕੋਈ ਵੀ ਪਾਠ ਪੜ੍ਹਾਉਣ ਤੋਂ ਪਹਿਲਾਂ ਅਧਿਆਪਕ ਉਸ ਪਾਠ ਨੂੰ ਚੰਗੀ ਤਰ੍ਹਾਂ ਪੜ੍ਹੇ ਅਤੇ ਉਸ ਵਿੱਚ ਛਿਪੇ ਸੰਕਲਪਾਂ ਨੂੰ ਲੱਭੇ।

ਕਿਤਾਬ ਪੜ੍ਹਾਉਣ ਵੇਲੇ ਅਧਿਆਪਕ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੇਗੀ। ਵਿਸ਼ਾ ਵਸਤੂ ਵਿਚਲੇ ਸੰਕਲਪਾਂ ਨੂੰ ਪ੍ਰੰਪਰਾਗਤ ਤਰੀਕਿਆਂ ਨਾਲ ਪੇਸ਼ ਕਰਨ ਦੀ ਬਜਾਇ ਬਾਲ ਕਹਾਣੀਆਂ, ਕਵਿਤਾਵਾਂ, ਬੁਝਾਰਤਾਂ ਅਤੇ ਰੌਚਿਕ ਵੰਨਗੀਆਂ ਦਾ ਸਹਾਰਾ ਲਿਆ ਗਿਆ ਹੈ। ਅਧਿਆਪਕ ਇੰਨ੍ਹਾਂ ਸੰਕਲਪਾਂ ਨੂੰ ਸਮਝਾਉਣ ਲਈ ਆਪਣੇ ਸ਼ਬਦਾਂ ਅਤੇ ਯਤਨਾਂ ਨਾਲ ਆਪਣੀ ਭੂਮਿਕਾ ਸਾਰਥਕ ਕਰੇਗਾ।

ਇਸ ਪੁਸਤਕ ਵਿੱਚ ਦਿੱਤੀਆਂ ਗਈਆਂ ਕਿਰਿਆਵਾਂ ਪੜ੍ਹਣ ਪ੍ਰਕਿਰਿਆ ਨੂੰ ਰੌਚਿਕ ਬਣਾਉਨ ਲਈ ਹਨ। ਇਹ ਕਿਰਿਆਵਾਂ ਵਿਦਿਆਰਥੀਆਂ ਨੂੰ ਜਰੂਰ ਕਰਵਾਈਆਂ ਜਾਣ।

ਅੱਜ-ਕੱਲ੍ਹ ਵਿਦਿਆਰਥੀ ਬਜ਼ੁਰਗਾਂ ਨਾਲ ਗੱਲਬਾਤ ਕਰਨ ਦੀ ਥਾਂ ਟੀ ਵੀ ਦੇਖਣ ਨੂੰ ਪਹਿਲ ਦਿੰਦੇ ਹਨ। ਇੰਨ੍ਹਾਂ ਪੁਸਤਕਾਂ ਵਿੱਚ ਬਹੁਤ ਸਾਰੇ ਸਵਾਲਾਂ ਦੇ ਜਵਾਬ ਲੱਭਣ ਲਈ ਬਜ਼ੁਰਗਾਂ ਦੀ ਮਦਦ ਲੈਣ ਲਈ ਕਿਹਾ ਗਿਆ ਹੈ। ਅਧਿਆਪਕ ਨੂੰ ਚਾਹੀਦਾ ਹੈ ਕਿ ਵਿਦਿਆਰਥੀਆਂ ਨੂੰ ਅਜਿਹੇ ਸਵਾਲਾਂ ਦੇ ਜਵਾਬ ਬਜ਼ੁਰਗਾਂ ਤੋਂ ਹੀ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰੇ। ਇਸ ਨਾਲ ਵਿਦਿਆਰਥੀਆਂ ਦੀ ਕੋਸ਼ਿਸ਼ ਅਤੇ ਲਗਨ ਨੂੰ ਹੁਲਾਰਾ ਮਿਲੇਗਾ ਅਤੇ ਨਾਲ ਹੀ ਬਜ਼ੁਰਗਾ ਅਤੇ ਬੱਚਿਆਂ ਵਿਚਲਾ ਰਿਸ਼ਤਾ ਪ੍ਰਪੱਕ ਹੋਵੇਗਾ।

ਹਰ ਇਕਾਈ ਵਿੱਚ ਦਿੱਤੇ ਗਏ ਪ੍ਰਸ਼ਨ,ਕਿਰਿਆਵਾਂ, ਖਾਲੀ ਥਾਵਾਂ ਅਤੇ ਅਧਿਆਪਕ ਨੋਟ ਸੰਕਲਪਾਂ ਦੀ ਬੇਹਤਰ ਸਮਝ ਲਈ ਹਨ।

**ਸਿਲੇਬਸ ਵਾਤਾਵਰਨ 3 (ਸ਼ੈਸਨ 2012-13)**
**ਸ਼੍ਰੇਣੀ 3 ਵਾਤਾਵਰਨ ਸਿੱਖਿਆ**

**ਇਕਾਈ 1. ਸੰਬੰਧ ਅਤੇ ਦੇਖਭਾਲ**

| | | |
|---|---|---|
| 1. | ਮੇਰਾ ਪਰਿਵਾਰ | ਪਰਿਵਾਰ ਦਾ ਸੰਕਲਪ, ਪਰਿਵਾਰ ਦੀਆਂ ਕਿਸਮਾਂ, ਪਰਿਵਾਰ ਇੱਕ ਸਹਿਯੋਗੀ ਢਾਂਚੇ ਵਜੋਂ, ਰਿਸ਼ਤਿਆਂ ਦੀ ਸਮਝ, ਪੁਸ਼ਤੈਨੀ ਖਾਕਾ (ਤਿੰਨ ਪੀੜ੍ਹੀਆਂ ਤੱਕ)। ਪਰਿਵਾਰਿਕ ਮੈਂਬਰਾਂ ਦੇ ਪ੍ਰਭਾਵ-ਸਰੀਰਕ ਲੱਛਣ, ਕਦਰਾਂ ਕੀਮਤਾਂ, ਆਦਤਾਂ, ਗੁਣ ਅਤੇ ਨਿਪੁੰਨਤਾਵਾਂ। ਸਿੱਖਿਆ ਦੇ ਅਧਿਕਾਰ ਪ੍ਰਤੀ ਸੰਵੇਦਨਸ਼ੀਲਤਾ। |
| 2. | ਦਾਦਾ ਜੀ ਜਦੋਂ ਜਵਾਨ ਸਨ..... | ਬਜ਼ੁਰਗਾਂ ਅਤੇ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ (ਅੰਗਹੀਣਾਂ) ਬਾਰੇ ਸੰਵੇਦਨਸ਼ੀਲਤਾ, ਵੇਖਣ ਅਤੇ ਸੁਣਨ ਦੀਆਂ ਗਿਆਨ ਇੰਦਰੀਆਂ ਬਾਰੇ ਮੁੱਢਲੀ ਜਾਣਕਾਰੀ। ਸੰਕੇਤਕ ਭਾਸ਼ਾ ਅਤੇ ਬਰੇਲ ਲਿੱਪੀ ਬਾਰੇ ਮੁੱਢਲੀ ਜਾਣਕਾਰੀ। |
| 3. | ਮੇਰੇ ਵੀਰ ਦਾ ਵਿਆਹ | ਵੱਖ-ਵੱਖ ਕਿੱਤੇ, ਕੰਮ/ਵਿਹਲਾ ਸਮਾਂ,ਉਮਰ, ਲਿੰਗ ਅਤੇ ਆਰਥਿਕ ਸਥਿਤੀ ਮੁਤਾਬਿਕ ਘਰ ਦੇ ਅੰਦਰ ਤੇ ਬਾਹਰ ਕੰਮ-ਕਾਜ ਬੱਚਿਆਂ ਦੁਆਰਾ ਮਜ਼ਦੂਰੀ। ਘਰ ਅਤੇ ਬਾਹਰ ਕੰਮ-ਕਾਜ ਕਰਨ ਵਾਲੇ ਬੱਚਿਆਂ ਪ੍ਰਤੀ ਸੰਵੇਦਨਸ਼ੀਲਤਾ ਪੈਦਾ ਕਰਨਾ। |
| 4. | ਕਿੱਕਲੀ | ਵਿਹਲ, ਅੱਜ ਅਤੇ ਪੁਰਾਤਨ ਸਮਿਆਂ ਦੌਰਾਨ ਸਥਾਨਕ ਅਤੇ ਪ੍ਰੰਪਰਾਗਤ ਖੇਡਾਂ, ਘਰ ਦੇ ਅੰਦਰ ਤੇ ਬਾਹਰ ਖੇਡੀਆਂ ਜਾਣ ਵਾਲੀਆਂ ਖੇਡਾਂ। |
| 5. | ਪੌਦੇ ਸਾਡੇ ਮਿੱਤਰ | ਬੱਚਿਆਂ ਦੀ ਪੌਦਿਆਂ ਬਾਰੇ ਜਾਣਕਾਰੀ। ਪੌਦਿਆਂ ਵਿੱਚ ਵਿਭਿੰਨਤਾ, ਓਹਨਾਂ ਦੇ ਉੱਗਣ-ਸਥਾਨ, ਆਕਾਰ, ਸ਼ਕਲ, ਰੰਗ ਅਤੇ ਸੁਗੰਧ ਆਦਿ; ਪੌਦਿਆਂ ਉੱਪਰ ਸਾਡੀ ਨਿਰਭਰਤਾ। ਨਵੇਂ ਪੌਦਿਆਂ ਬਾਰੇ ਜਾਣਕਾਰੀ। ਪੌਦਿਆਂ ਦੀ ਮਹੱਤਤਾ। |
| 6. | ਰੰਗ-ਬਰੰਗੇ ਪੱਤੇ | ਪੱਤਿਆਂ ਵਿੱਚ ਵਿਭਿੰਨਤਾ-ਆਕਾਰ, ਸ਼ਕਲ, ਰੰਗ, ਬਣਤਰ ਅਤੇ ਸੁਗੰਧ । ਰੁੱਤ ਅਨੁਸਾਰ ਪੱਤਿਆਂ ਦਾ ਝੜਨਾ। ਪੱਤਿਆਂ ਤੋਂ ਖਾਦ। ਵੱਖ-ਵੱਖ ਵਸਤਾਂ ਉੱਪਰ ਪੱਤਿਆਂ ਦੇ ਨਮੂਨੇ/ ਨਿਸ਼ਾਨ। |
| 7. | ਨਾਨੀ ਦਾ ਪਿੰਡ | ਜੰਤੂਆਂ ਬਾਰੇ ਵਿਦਿਆਰਥੀਆਂ ਦੀ ਸਮਝ। ਤੁਹਾਡੇ ਆਲੇ-ਦੁਆਲੇ ਦੇ ਜੰਤੂਆਂ ਵਿੱਚ ਵਿਭਿੰਨਤਾ ਉਹਨਾਂ ਦਾ ਸਾਪੇਖੀ ਆਕਾਰ, ਉਹ ਕੀ ਖਾਂਦੇ ਹਨ ਤੇ ਕਿੱਥੇ ਰਹਿੰਦੇ ਹਨ। ਰੀਂਗਣ ਵਾਲੇ ਤੇ ਉੱਡਣ ਵਾਲੇ ਜੰਤੂਆਂ ਅਤੇ ਕੀਟਾਂ ਬਾਰੇ ਜਾਣ-ਪਛਾਣ। ਕੀਟਾਂ ਦੁਆਰਾ ਡੰਗ ਮਾਰਨਾ |
| 8. | ਪੰਛੀਆਂ ਦੀ ਦੁਨੀਆਂ | ਪੰਛੀਆਂ ਬਾਰੇ ਵਿਦਿਆਰਥੀਆਂ ਦਾ ਦ੍ਰਿਸ਼ਟੀਕੋਣ। ਉਹਨਾਂ ਦੇ ਰਹਿਣ-ਸਥਾਨ, ਕੀ ਖਾਂਦੇ ਹਨ, ਖੰਭ ਤੇ ਉਹਨਾਂ ਦੀਆਂ ਆਵਾਜ਼ਾਂ ਵਰਗੇ ਆਮ ਲੱਛਣ। ਪੰਛੀਆਂ ਨੂੰ ਭੋਜਨ ਦੇਣਾ। |

## ਇਕਾਈ 2 ਭੋਜਨ

| | | |
|---|---|---|
| 9. | ਖਾਓ ਪੀਓ, ਮੌਜਾਂ ਮਾਣੋ | ਕੱਚਾ ਤੇ ਰਿੰਨ੍ਹਿਆ (ਉਬਾਲਿਆ, ਭੁੰਨਿਆ, ਬੇਕਰੀ ਦਾ ਤੇ ਤਲਿਆ) ਭੋਜਨ। ਦੁੱਧ ਦਾ ਮਹੱਤਵ ਭੋਜਨ ਪਕਾਉਣ ਲਈ ਵਰਤੇ ਜਾਂਦੇ ਵੱਖ-ਵੱਖ ਤਰ੍ਹਾਂ ਦੇ ਬਾਲਣ, ਭੋਜਨ ਪਕਾਉਣ ਲਈ ਵਰਤੇ ਜਾਂਦੇ ਚੁਲ੍ਹਿਆਂ ਤੇ ਬਰਤਨਾਂ ਦੀ ਪਹਿਚਾਣ। ਭੋਜਨ ਵਿਚ ਸੱਭਿਆਚਾਰ ਅਨੁਸਾਰ ਭਿੰਨਤਾ। |
| 10. | ਕਰੀਏ ਸੇਵਾ,ਪਾਈਏ ਮੇਵਾ | ਲਿੰਗ, ਉਮਰ ਤੇ ਸਰੀਰਕ ਕਾਰਜਾਂ ਅਨੁਸਾਰ ਭੋਜਨ ਦੀ ਮਾਤਰਾ। ਭੋਜਨ ਵੱਜੋਂ ਵਰਤੇ ਜਾਂਦੇ ਪੌਦਿਆਂ ਬਾਰੇ ਮੁੱਢਲੀ ਜਾਣਕਾਰੀ। ਜੰਤੂਆਂ ਤੋਂ ਭੋਜਨ, ਪਾਲਤੂ ਤੇ ਜੰਗਲੀ ਜਾਨਵਰਾਂ ਦਾ ਭੋਜਨ। ਪਾਲਤੂ ਜੰਤੂਆਂ ਦੀ ਦੇਖਭਾਲ। |

## ਇਕਾਈ 3 ਨਿਵਾਸ

| | | |
|---|---|---|
| 11. | ਗੁੱਡੀ ਦਾ ਘਰ | ਸਾਡਾ ਘਰ/ਨਿਵਾਸ-ਸਥਾਨ। ਨਿਵਾਸ-ਸਥਾਨ ਦੀ ਲੋੜ। ਘਰਾਂ ਦੀ ਸਜਾਵਟ। ਕੂੜੇ-ਕਰਕਟ ਦਾ ਨਿਪਟਾਰਾ। |
| 12. | ਵੱਖ-ਵੱਖ ਤਰ੍ਹਾਂ ਦੇ ਘਰ | ਘਰਾਂ ਦੀਆਂ ਕਿਸਮਾਂ। ਘਰ ਬਣਾਉਣ ਲਈ ਵਰਤੇ ਜਾਂਦੇ ਪਦਾਰਥ। ਵੱਖ ਵੱਖ ਤਰ੍ਹਾਂ ਦੇ ਭੋਜਨ ਬਣਾਉਣ ਦੀ ਲੋੜ। |
| 13. | ਪਿੰਕੀ ਕਿੱਥੇ ਰਹਿੰਦੀ ਹੈ | ਸਾਡਾ ਆਂਢ-ਗਵਾਂਢ। ਨਕਸ਼ਾ ਬਣਾ ਕੇ ਦੂਰੀ ਤੇ ਦਿਸ਼ਾ ਦਾ ਅੰਦਾਜ਼ਾ ਲਗਾਉਣਾ। |

## ਇਕਾਈ 4 ਪਾਣੀ

| | | |
|---|---|---|
| 14. | ਬੂੰਦ-ਬੂੰਦ ਪਾਣੀ | ਪਾਣੀ ਦੇ ਸਥਾਨਕ ਸ੍ਰੋਤ। ਪਾਣੀ ਦੇ ਸ੍ਰੋਤਾਂ ਤੋਂ ਦੂਰੀ ਦਾ ਅਨੁਮਾਨ। ਸਮਾਜਿਕ ਭੇਦ-ਭਾਵ। ਪੀਣ-ਯੋਗ ਸਵੱਛ ਪਾਣੀ। ਪਾਣੀ ਦਾ ਮਹੱਤਵ। |
| 15. | ਪਾਣੀ-ਸਾਡਾ ਜੀਵਨ | ਪਾਣੀ ਦੀ ਘਾਟ, ਪਾਣੀ ਦੀ ਦੁਰਵਰਤੋਂ ਤੇ ਪੁਨਰ-ਚੱਕਰ। ਵੱਖ-ਵੱਖ ਕਿਰਿਆਵਾਂ ਲਈ ਪਾਣੀ ਦੀ ਵਰਤੋਂ। ਪਾਣੀ/ਵਰਖਾ/ ਦਰਿਆਵਾਂ ਪ੍ਰਤੀ ਸੱਭਿਆਚਾਰਕ ਪ੍ਰਗਟਾਵਾ। ਵਰਖਾ ਸੰਬੰਧੀ ਪੌਦੇ ਤੇ ਜੰਤੂਆਂ ਦੇ ਪ੍ਰਤੀਕਰਮਾਂ ਦਾ ਅਵਲੋਕਨ। ਪਾਣੀ ਦੀ ਸਾਂਭ-ਸੰਭਾਲ, ਪਾਣੀ ਸਟੋਰ ਕਰਨਾ, ਵਰਖਾ ਦੇ ਪਾਣੀ ਨੂੰ ਇਕੱਠਾ ਕਰਨਾ। |

## ਇਕਾਈ 5 ਆਵਾਜਾਈ ਅਤੇ ਸੰਚਾਰ

| | | |
|---|---|---|
| 16. | ਅਮ੍ਰਿਤਸਰ ਨੂੰ ਜਾਂਦਿਆਂ | ਆਵਾਜਾਈ ਦੀ ਲੋੜ। ਆਪਣੇ ਨਿਵਾਸ ਦੇ ਨੇੜੇ ਜਾਂ ਦੂਰ ਜਾਣਾ। ਵੱਖ-ਵੱਖ ਸਥਾਨਾਂ ਦੀ ਯਾਤਰਾ। ਆਵਾਜਾਈ ਦੇ ਵੱਖ-ਵੱਖ ਸਾਧਨ ਜੋ ਥੋੜੀ ਅਤੇ ਅਧਿੱਕ ਦੂਰੀ ਲਈ ਵਰਤੇ ਜਾਂਦੇ ਹਨ। ਆਵਾਜਾਈ ਦੇ ਨਵੀਨਤਮ ਸਾਧਨ, ਰੇਲਵੇ ਸਟੇਸ਼ਨ ਉੱਪਰ ਕੰਮ ਕਰਦੇ ਵੱਖ-ਵੱਖ ਕਰਮਚਾਰੀ। |
| 17. | ਇੱਕ ਚਿੱਠੀ-ਤੁਹਾਡੇ ਲਈ | ਚਿੱਠੀ-ਸੰਚਾਰ ਦੇ ਇੱਕ ਮਾਧਿਅਮ ਦੇ ਰੂਪ ਵਿੱਚ। ਡਾਕ-ਘਰ ਵਿਚਲੇ ਕੰਮ ਤੇ ਸਬੰਧਤ ਕਰਮਚਾਰੀ। ਸੰਚਾਰ ਦੇ ਵੱਖ ਵੱਖ ਸਾਧਨ। |

**ਇਕਾਈ 6 ਕਰੋ ਅਤੇ ਸਿੱਖੋ**

| | | |
|---|---|---|
| 18. | ਫੁੱਲਾਂ ਵਾਲੀ ਫਰਾਕ | ਭਿੰਨ-ਭਿੰਨ ਕਿਸਮ ਦੇ ਕੱਪੜੇ। ਕਪੱੜਾ ਉਦਯੋਗ ਵਿੱਚ ਵਰਤੇ ਜਾਂਦੇ ਰੰਗ ਤੇ ਨਮੂਨੇ। ਰੰਗਾਂ ਤੇ ਸਬਜੀਆਂ ਦੇ ਠੱਪਿਆਂ ਨਾਲ ਛਪਾਈ। |
| 19. | ਮਿੱਟੀ ਦੇ ਖਿਡੌਣੇ | ਮਿੱਟੀ ਦੇ ਬਰਤਨ ਬਣਾਉਣੇ- ਮਿੱਟੀ ਨੂੰ ਗੁੰਨ੍ਹਣਾ, ਆਕਾਰ ਦੇਣਾ, ਸੁਕਾਉਣਾ ਅਤੇ ਰੰਗ ਕਰਨਾ। ਮਿੱਟੀ ਦੇ ਬਰਤਨਾਂ ਦਾ ਉਪਯੋਗ । ਚੀਕਣੀ ਮਿੱਟੀ ਤੋਂ ਬਰਤਨਾਂ ਨੂੰ ਕਰਨ ਦਾ ਅਨੁਭਵ। |